# ਬਾਬਾ ਫਰੀਦ ਯੂਨੀਵਰਸਿਟੀ ਔੱਫ ਹੈਲਥ ਸਾਇੰਸਿਜ਼ ਫਰੀਦਕੋਟ

## Punjabi Language Test for Various Posts under DRME, DHS, PILBS, Govt. of Punjab & BFUHS

1. Hostel Assistant (Male & Female) 2. Health Visitor 3. Physiotherapist 4. ECG Tech 5. MGPS Tech 6. Clinical Psychologist 7. Paediatric Psychologist 8. Radiosafety Officer 9. Prosthetic & Orthotic Tech 10. Dental Mechanic 11. Dental Chair Side Attendant 12.Embalmer 13. Hostel Warden Grd-II 14. Store Keeper 15 Echo Technician 16. Gas Plant Tech. 17. ECG Technician 18. Non Invasive Cardiology Asstt. 19. Cardiac Cath Lab Tech. 20. Histotechnician 21.Library Attendant 22. Diesel Engine Mechanic 23. Carpenter 24. Receptionist Cum Clerk 25. Welder 26. Dialysis Technician 27. Dissection Hall Attendant 28. Photographer (Junior) 29. Technical Assistant (Blood Bank) 30. Refractionist 31. Laboratory Attendant. 32.ANM 33. Block Extension Educator 34. Medical Laboratory Technician 35. Operation Theatre 36. Anaesthesia Technician 37.Radiographer 38. Staff Nurse 39. Clerk 40. DEO 41. Library Assistant

ਪ੍ਰਸ਼ਨ ਪੁਸਤਿਕਾ ਨੰ :

ON OF THE CANDIDATE

ਓ.ਆਰ.ਐੱਮ. (OMR) ਸ਼ੀਟ ਨੰ:.

ਰੋਲ ਨੰਬਰ:

FULL SIGNATURE OF THE CANDIDATE

FULL SIGNATURE OF INVIGILATOR

FULL SIGNATURE OBSERVER

**ਸਮਾਂ 1.00 ਘੰਟਾ (ਦੁਪਹਿਰ 12.30 ਵਜੇ ਤੋਂ 1.30 ਵਜੇ ਤੱਕ)** **ਕੁੱਲ ਅੰਕ:50**

1. ਸਿਰਫ ਕਾਲਾ/ਨੀਲਾ ਬਾਲ ਪੈੱਨ ਦੀ ਹੀ ਵਰਤੋ ਕੀਤੀ ਜਾਵੇ, ਪੈਨਸਿਲ ਦੀ ਵਰਤੋ ਨਾ ਕੀਤੀ ਜਾਵੇ।
2. ਆਪਣਾ ਰੋਲ ਨੰਬਰ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਤੇ ਬਣੇ ਖਾਨੇ ਵਿੱਚ ਹੀ ਲਿਖਿਆਂ ਜਾਵੇ ਨਾ ਕਿ ਕਿਸੇ ਹੋਰ ਜਗ੍ਹਾਂ ਉਤੇ ਲਿਖਿਆਂ ਜਾਵੇ।
3. ਪ੍ਰਸ਼ਨ ਪੁਸਤਿਕਾ ਵਿੱਚ ਜਾਂ ਓ ਐੱਮ ਆਰ ਸ਼ੀਟ ਉੱਤੇ ਕਿਸੇ ਵੀ ਪ੍ਰਕਾਰ ਦਾ ਕੋਈ ਨਿਸ਼ਾਨ ਨਾ ਲਗਾਓ।
4. **50** ਉਦੇਸ਼ਵਾਦੀ ਪ੍ਰਸ਼ਨ ਅਤੇ ਇਨ੍ਹਾਂ ਸਾਰਿਆ ਦਾ **1-1 ਨੰਬਰ** ਹੈ। ਪ੍ਰਸ਼ਨ ਦਾ ਉੱਤਰ ਦੇਣ ਤੋ ਪਹਿਲਾ ਜਾਂਚ ਜਰੂਰ ਕਰੋ ਕਿ ਉਸ ਦਾ ਸਹੀ ਉੱਤਰ ਕੀ ਹੈ।ਜਾਂਚ ਕਰੋ ਕਿ ਉੱਤਰ ਕਾਪੀ ਦੇ ਪੇਜ ਸਾਰੇ ਪੂਰੇ ਹਨ ਜੇਕਰ ਕੋਈ ਵੀ ਪੇਜ ਗਾਇਬ ਹੈ ਤਾਂ ਪ੍ਰੀਖਿਆ ਸ਼ੁਰੂ ਹੋਣ **ਤੋ 5 ਮਿੰਟ** ਪਹਿਲਾ ਸੈਂਟਰ ਸੁਪਰਡੈਂਟ ਨੂੰ ਸੂਚਿਤ ਕੀਤਾ ਜਾਵੇ।
5. **ਹਰੇਕ ਪ੍ਰਸ਼ਨ ਦੇ ਬਾਅਦ ਚਾਰ ਵਿਕਲਪਿਕ ਉੱਤਰਾਂ A, B, C, D, ਵਿਚੋ ਕੋਈ ਇੱਕ ਸਹੀ/ ਸਭ ਤੋ ਸਹੀ ਹੈ। ਜੇਕਰ ਸਾਰੇ ਗੋਲੇ (ovals) ਖਾਲੀ ਛੱਡ ਦਿੱਤੇ ਜਾਂਦੇ ਹਨ, ਤਾਂ ਹਰੇਕ ਅਜਿਹੇ ਪ੍ਰਸ਼ਨ ਲਈ 0.25 ਅੰਕ ਦੀ ਕਟੌਤੀ ਕੀਤੀ ਜਾਵੇਗੀ। ਪੰਜਵਾ ਗੋਲਾ (E) (ਸੁਰੱਖਿਆ ਮੰਤਵ ਲਈ ਹੈ ਜੇਕਰ ਤੁਸੀ ਕੋਈ ਪ੍ਰਸ਼ਨ ਹੱਲ ਨਹੀ ਕਰਨਾ ਚਾਹੁੰਦੇ ਤਾਂ ਗੋਲਾ (E) ਨੂੰ ਕਾਲਾ ਕੀਤਾ ਜਾਵੇ।**
6. ਪ੍ਰਸ਼ਨ ਪੁਸਤਿਕਾ ਨੂੰ ਜਦੋ ਖੋਲਣ ਲਈ ਕਿਹਾ ਜਾਵੇ ਤਾਂ ਉਸ ਦੀ ਸੀਲ ਨੂੰ ਧਿਆਨ ਨਾਲ ਹਟਾਇਆ ਜਾਵੇ। ਪ੍ਰੀਖਿਆਂ ਦਾ ਸਮਾਂ ਸਮਾਪਤ ਹੋਣ ਤੇ ਅਤੇ ਪ੍ਰੀਖਿਆਂ ਭਵਨ ਨੂੰ ਛੱਡਣ ਤੋ ਪਹਿਲਾ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ,ਡਿਊਟੀ ਤੇ ਹਾਜਿਰ ਅਧਿਕਾਰੀ ਨੂੰ ਸੌਂਪਿਆ ਜਾਵੇ।
7. ਕਿਸੇ ਵੀ ਸਥਿੱਤੀ ਵਿੱਚ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਜਾਂ ਉਸ ਦਾ ਕੋਈ ਭਾਗ ਜਾਂ ਉਸ ਵਿੱਚੋ ਕੁਝ ਕਾਪੀ ਜਾਂ ਨੋਟ ਕੀਤੀ ਸਮੱਗਰੀ ਪ੍ਰੀਖਿਆ ਭਵਨ ਤੋ ਬਾਹਰ ਨਾ ਲਿਜਾਈ ਜਾਵੇ। ਕੋਈ ਵੀ ਉਮੀਦਵਾਰ ਇਹ ਕਰਦਾ ਪਾਇਆ ਗਿਆ ਤਾਂ ਉਸ ਨੂੰ ਪ੍ਰੀਖਿਆਂ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ।
8. **ਪ੍ਰੀਖਿਆ ਪੂਰੀ ਹੋਣ ਤੋਂ ਬਾਅਦ ਉਮੀਦਵਾਰਾਂ ਨੂੰ ਆਪਣੀ ਪ੍ਰਸ਼ਨ ਪੁਸਤਿਕਾ ਲੈਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਪਰ ਓ.ਐੱਮ.ਆਰ ਸ਼ੀਟ ਨੂੰ ਜਾਂਚਕਰਤਾ ਨੂੰ ਜਮ੍ਹਾ ਕਰਨਾ ਲਾਜ਼ਮੀ ਹੈ।**
9. ਜਿਹੜਾ ਉਮੀਦਵਾਰ ਪ੍ਰੀਖਿਆ ਵਿੱਚ ਕਿਸੇ ਕਿਸਮ ਦੀ ਗੜਬੜ ਪੈਦਾ ਕਰਦਾ ਹੈ ਜਾਂ ਆਪਣੀ ਸੀਟ ਬਦਲਦਾ ਹੈ ਜਾਂ ਉਸ ਕੋਲੋ ਕਿਸੇ ਕਿਸਮ ਦਾ ਪ੍ਰੀਖਿਆਂ ਵਿੱਚ ਸਹਾਇਤਾ ਲੈਣ ਵਾਲਾ ਕਾਗਜ ਮਿਲਦਾ ਹੈ ਤਾਂ ਉਸ ਨੂੰ ਸੈਂਟਰ ਸੁਪਰਡੈਂਟ/ ਅਬਜਰਵਰ ਦੁਆਰਾ ਪ੍ਰੀਖਿਆ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਹੋਵੇਗਾ। ਇਸ ਉਦੇਸ਼ ਲਈ "**ਬਾਹਰ ਕੱਢੇ ਜਾਣ**" ਦਾ ਅਰਥ ਹੈ ਕਿ ਉਮੀਦਵਾਰ ਦੀ ਪੂਰੀ ਪ੍ਰੀਖਿਆਂ ਨੂੰ ਰੱਦ ਸਮਝਿਆ ਜਾਵੇਗਾ।
10. ਉਮੀਦਵਾਰ ਕਿਸੇ ਵੀ ਕਿਸਮ ਦੇ ਦੂਰਸੰਚਾਰ ਉਪਕਰਨ ਜਿਵੇ ਕਿ ਪੇਜਰ, ਸੈਲੂਲਰ ਫੋਨ, ਵਾਇਰਲੈਸ ਸੈਟ, ਬਲੂ ਟੂਥ ਡਵਾਈਸ, ਸਕੈਨਰ ਆਦਿ ਪ੍ਰੀਖਿਆ ਭਵਨ ਵਿੱਚ ਨਹੀ ਲਿਆ ਸਕਦਾ।
11. ਪ੍ਰਸ਼ਨ ਪੁੱਤਰਿਕਾ ਦਾ ਖਾਲੀ ਭਾਗ ਕੱਚਾ ਕੰਮ ਲਈ ਵਰਤਿਆ ਜਾ ਸਕਦਾ ਹੈ।
12. ਇਮਤਿਹਾਨ ਦੌਰਾਨ ਉਮੀਦਵਾਰ ਨੂੰ ਹਾਲ ਤੋ ਬਾਹਰ ਨਹੀ ਜਾਣ ਦਿੱਤਾ ਜਾਵੇਗਾ।
13. ਉਮੀਦਵਾਰ ਨੂੰ ਕਿਸੇ ਤੋ ਕਿਸੇ ਕਿਸਮ ਦੀ ਕੋਈ ਵੀ ਸਮੱਗਰੀ ਲੈਣ ਦੀ ਆਗਿਆ ਨਹੀ ਹੈ।
14. ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) ਕੰਪਿਊਟਰ ਦੁਆਰਾ ਜਾਂਚੀ ਜਾਣੀ ਹੈ, ਜੇਕਰ ਦਿੱਤੀ ਗਈ ਹਦਾਇਤਾਂ ਦੀ ਪਾਲਣਾ ਪੂਰੀ ਤਰ੍ਹਾਂ ਨਹੀ ਕੀਤੀ ਗਈ ਤਾਂ ਹੋਣ ਵਾਲੇ ਨੁਕਸਾਨ ਦੀ ਜੁੰਮੇਵਾਰੀ ਉਮੀਦਵਾਰ ਦੀ ਹੋਵੇਗੀ।
15. ਉਮੀਦਵਾਰ ਨੂੰ ਪ੍ਰੀਖਿਆਂ ਭਵਨ ਵਿੱਚ ਧੁਮਰਪਾਨ/ ਖਾਣ ਦੀ ਵਸਤੂ ਵਰਤਨ ਦੀ ਆਗਿਆ ਨਹੀ ਹੈ।
16. ਪੁਰਸ਼ ਉਮੀਦਵਾਰ ਦੁਆਰਾ ਓ ਐਮ ਆਰ ਸ਼ੀਟ, ਪ੍ਰਸ਼ਨ ਪੁਸਤਿਕਾ ਅਤੇ ਹਾਜਰੀ ਸ਼ੀਟ ਤੇ ਨਿਰਧਾਰਤ ਜਗ੍ਹਾ ਉੱਤੇ ਖੱਬੇ ਹੱਥ ਦੇ ਅੰਗੂਠੇ ਦਾ ਨਿਸ਼ਾਂਨ ਅਤੇ ਇਸਤਰੀ ਉਮੀਦਵਾਰ ਦੁਆਰਾ ਓ ਐਮ ਆਰ ਸ਼ੀਟ, ਪ੍ਰਸ਼ਨ ਪੁਸਤਿਕਾ ਅਤੇ ਹਾਜਰੀ ਸ਼ੀਟ ਤੇ ਨਿਰਧਾਰਤ ਜਗ੍ਹਾ ਉੱਤੇ ਸੱਜੇ ਹੱਥ ਦੇ ਅੰਗੂਠੇ ਦਾ ਨਿਸ਼ਾਂਨ ਲਗਾਇਆ ਜਾਵੇ।
17. ਉਮੀਦਵਾਰ ਦੁਆਰਾ ਹਾਜਰੀ ਸ਼ੀਟ ਤੇ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਦਾ ਨੰਬਰ ਭਰਿਆਂ ਜਾਵੇ।
18. ਕਿਸੇ ਵੀ ਉਮੀਦਵਾਰ ਨੂੰ ਪ੍ਰੀਖਿਆ ਭਵਨ ਵਿੱਚੋ **ਦੁਪਹਿਰ 1:30 ਵਜੇ** ਤੋ ਪਹਿਲਾਂ ਬਾਹਰ ਨਹੀ ਭੇਜਿਆ ਜਾਵੇਗਾ।

**ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ (1-5) ਦੇ ਉੱਤਰ ਦਿਓ :**

ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ। ਮੈਂ ਸੱਤ ਕੁ ਵਰ੍ਹੇ ਦਾ ਸਾਂ ਤੇ ਮੇਰੀ ਵੱਡੀ ਭੈਣ ਗਿਆਰਾਂ ਵਰ੍ਹੇ ਦੀ। ਅਸਾਡਾ ਖੇਤ ਘਰੋਂ ਮੀਲ ਕੁ ਦੀ ਵਿੱਥ 'ਤੇ ਸੀ। ਅੱਧ-ਵਿਚਕਾਰੋਂ ਇੱਕ ਜਰਨੈਲੀ ਸੜਕ ਲੰਘਦੀ ਸੀ ਜਿਸ ਵਿੱਚੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਤੇ ਹੋਰ ਪਰਦੇਸੀਆਂ ਦਾ ਕਾਫ਼ੀ ਲਾਂਘਾ ਸੀ। ਅਸੀਂ ਸਭ ਅੰਞਾਣੇ ਜਿਨ੍ਹਾਂ ਨੂੰ ਰਾਸ਼ਿਆਂ ਤੋਂ ਘਰ ਬੈਠਿਆਂ ਵੀ ਡਰ ਆਉਂਦਾ ਸੀ ਇਸ ਸੜਕ ਵਿੱਚੋਂ ਦੀ ਕਿਸੇ ਸਿਆਣੇ ਦੇ ਸਾਥ ਤੋਂ ਬਗ਼ੈਰ ਲੰਘਣ ਤੋਂ ਬਹੁਤ ਭੈ ਖਾਂਦੇ ਸਾਂ ਪਰ ਟੰਟਾ ਇਹ ਸੀ ਕਿ ਬਾਪੂ ਅਤੇ ਕਾਮੇ ਦੀ ਰੋਟੀ ਫੜਾਉਣ ਜ਼ਰੂਰ ਜਾਣਾ ਪੈਂਦਾ ਸੀ। ਅਸਾਨੂੰ ਧਾਰਮਿਕ ਸਿੱਖਿਆ ਵੀ ਕੁਝ ਇਸ ਕਿਸਮ ਦੀ ਮਿਲ ਰਹੀ ਸੀ ਕਿ ਅਜਿਹੇ ਡਰ ਸਾਡੇ ਸੁਭਾਵਾਂ ਦਾ ਹਿੱਸਾ ਬਣ ਗਏ ਸਨ। ਹਰ ਰੋਜ਼ ਸ਼ਾਮ ਨੂੰ ਅਸੀਂ ਘਰ ਸਿਆਣਿਆਂ ਕੋਲੋਂ ਨਰਕ-ਸੁਰਗ ਦੀਆਂ ਕਹਾਣੀਆਂ ਸੁਣਦੇ। ਸੁਰਗ ਤਾਂ ਸਾਨੂੰ ਖੇਡ ਤੋਂ ਬਾਹਰ ਕਿਤੇ ਘੱਟ ਹੀ ਪ੍ਰਾਪਤ ਹੁੰਦਾ ਪਰ ਨਰਕ ਦੇ ਹਰ ਥਾਂ ਖੁੱਲ੍ਹੇ ਗੱਫੇ ਮਿਲਦੇ। ਸਭ ਤੋਂ ਵੱਡਾ ਨਰਕ ਮਦਰਸਾ ਸੀ ਤੇ ਜੇ ਉਸ ਤੋਂ ਕਿਸੇ ਦਿਨ ਛੁੱਟ ਜਾਂਦੇ ਤਾਂ ਖੇਤ ਰੋਟੀ ਦੇਣ ਜਾਣ ਦਾ ਨਰਕ ਪੇਸ਼ ਆ ਜਾਂਦਾ।

1. **ਲੇਖਕ ਕਿੰਨੇ ਕੁ ਵਰ੍ਹੇ ਪਹਿਲਾਂ ਦੀ ਗੱਲ ਕਰਦਾ ਹੈ?**
ੳ. ਸੱਤ ਕੁ ਵਰ੍ਹੇ    ਅ. ਵੀਹ ਕੁ ਵਰ੍ਹੇ
ੲ. ਗਿਆਰਾਂ ਕੁ ਵਰ੍ਹੇ    ਸ. ਤੀਹ ਕੁ ਵਰ੍ਹੇ।

2. **ਜਰਨੈਲੀ ਸੜਕ ਤੋਂ ਕਿਨ੍ਹਾਂ ਦਾ ਲਾਂਘਾ ਸੀ?**
ੳ. ਜਾਂਗਲੀਆਂ ਦਾ
ਅ. ਪਠਾਣਾਂ ਦਾ
ੲ. ਰਾਸ਼ਿਆਂ ਦਾ
ਸ. ਉਪਰੋਕਤ ਸਾਰਿਆਂ ਦਾ।

3. **ਲੇਖਕ ਨੂੰ ਘਰੋਂ ਕਿਹੋ-ਜਿਹੀ ਸਿੱਖਿਆ ਮਿਲ ਰਹੀ ਸੀ?**
ੳ. ਸਮਾਜਿਕ    ਅ. ਨੈਤਿਕ
ੲ. ਧਾਰਮਿਕ    ਸ. ਰਾਜਨੀਤਿਕ।

4. **ਲੇਖਕ ਕਿਸ ਕੰਮ ਨੂੰ ਨਰਕ ਦੇ ਬਰਾਬਰ ਸਮਝਦਾ ਸੀ?**
ੳ. ਖੇਡ ਨੂੰ    ਅ. ਮਦਰਸੇ ਨੂੰ
ੲ. ਖੇਤ ਰੋਟੀ ਦੇਣ ਜਾਣ ਨੂੰ    ਸ. ਅ ਅਤੇ ੲ ਦੋਵੇਂ ਸਹੀ।

5. **ਲੇਖਕ ਅਤੇ ਉਸ ਦੀ ਭੈਣ ਨੂੰ ਹਰ-ਰੋਜ਼ ਖੇਤ ਕਿਉਂ ਜਾਣਾ ਪੈਂਦਾ ਸੀ?**
ੳ. ਖੇਡਣ ਲਈ    ਅ. ਬਾਪੂ ਅਤੇ ਕਾਮੇ ਦੀ ਰੋਟੀ ਫੜਾਉਣ ਲਈ
ੲ. ਪੜ੍ਹਨ ਲਈ    ਸ. ਧਾਰਮਿਕ ਸਿੱਖਿਆ ਲਈ।

**ਪੈਰਾ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ (6-10) ਦੇ ਉੱਤਰ ਦਿਓ -**

ਬਾਬਾ ਫ਼ਰੀਦ ਜੀ ਪੰਜਾਬ ਦੇ ਇੱਕ ਪ੍ਰਸਿੱਧ ਸੂਫ਼ੀ ਸੰਤ ਹੋਏ ਹਨ। ਆਪ ਜੀ ਦਾ ਜਨਮ 1 ਰਮਜ਼ਾਨ 569 ਹਿਜਰੀ ਮੁਤਾਬਕ 1173 ਈ: ਵਿੱਚ ਜ਼ਿਲ੍ਹਾ ਮੁਲਤਾਨ ਦੇ ਇੱਕ ਸਧਾਰਨ ਜਿਹੇ ਗਿਰਾਂ ਭਾਵ ਪਿੰਡ ਖੋਤਵਾਲ ਵਿੱਚ ਹੋਇਆ। ਆਪ ਦੇ ਪਿਤਾ ਸ਼ੇਖ਼ ਜਮਾਲੁਦੀਨ ਸੁਲੇਮਾਨ, ਸੁਲਤਾਨ ਮਹਿਮੂਦ ਗ਼ਜ਼ਨਵੀ ਦੇ ਭਣੇਵੇਂ ਸਨ। ਫ਼ਰੀਦ ਜੀ ਮਿੱਠਤ ਅਤੇ ਨਿਮਰਤਾ ਦੇ ਪੁਤਲੇ ਸਨ। ਉਹਨਾਂ ਦੇ ਇਹਨਾਂ ਗੁਣਾਂ ਕਰਕੇ ਹੀ ਲੋਕ ਉਹਨਾਂ ਨੂੰ 'ਗੰਜੇ-ਸ਼ੱਕਰ' ਭਾਵ ਮਿਠਾਸ ਦਾ ਖ਼ਜ਼ਾਨਾ ਆਖਦੇ ਸਨ। ਆਪ ਜੀ ਦੀ ਬਾਣੀ ਵਿੱਚ ਰੱਬੀ-ਪ੍ਰੇਮ, ਬਿਰਹਾ, ਤਿਆਗ, ਸੰਜਮ ਅਤੇ ਅਧਿਆਤਮਕ ਅਨੁਭਵ ਦੇ ਭਾਵ ਸਮੋਏ ਹਨ। ਗੁਰੂ ਅਰਜਨ ਦੇਵ ਜੀ ਨੇ ਆਪ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਬਰਾਬਰ ਦਰਜਾ ਦਿੱਤਾ। ਆਪ ਜੀ ਦੀ ਵਿਚਾਰਧਾਰਾ, ਆਤਮਿਕ ਅਵਸਥਾ ਅਤੇ ਸ਼ੁੱਭ ਗੁਣਾਂ ਕਰਕੇ ਕੇਵਲ ਮੁਸਲਿਮ ਹੀ ਨਹੀਂ ਸਗੋਂ ਪੰਜਾਬ ਦੇ ਹਿੰਦੂ ਅਤੇ ਸਿੱਖ ਵੀ ਉਹਨਾਂ ਨੂੰ ਆਪਣਾ ਸਮਝ ਕੇ ਉਹਨਾਂ 'ਤੇ ਮਾਣ ਕਰਦੇ ਹਨ।

6. **ਬਾਬਾ ਫ਼ਰੀਦ ਜੀ ਕਿਸ ਵਿਚਾਰਧਾਰਾ ਦੇ ਕਵੀ ਹਨ?**
ੳ. ਸੂਫ਼ੀ
ਅ. ਭਗਤ
ੲ. ਉਪਰੋਕਤ ਦੋਵੇਂ
ਸ. ਉਪਰੋਕਤ ਦੋਵਾਂ ਵਿੱਚੋਂ ਕੋਈ ਨਹੀਂ

7. **ਬਾਬਾ ਫ਼ਰੀਦ ਜੀ ਦੇ ਪਿਤਾ ਦਾ ਨਾਂ ਕੀ ਸੀ?**
ੳ. ਮਹਿਮੂਦ ਗ਼ਜ਼ਨਵੀ
ਅ. ਜਮਾਲੁਦੀਨ ਸੁਲੇਮਾਨ
ੲ. ਗੁਰੂ ਅਰਜਨ ਦੇਵ ਜੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ

8. **'ਗੰਜੇ-ਸ਼ੱਕਰ' ਤੋਂ ਕੀ ਭਾਵ ਹੈ?**
ੳ. ਤਿਆਗ    ਅ. ਵਿਚਾਰਧਾਰਾ
ੲ. ਮਿਠਾਸ ਦਾ ਖ਼ਜ਼ਾਨਾ    ਸ. ਸੁਲਤਾਨ

9. **ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ ਕਿਹੜੇ ਭਾਵ ਸਮੋਏ ਹੋਏ ਹਨ?**
ੳ. ਰੱਬੀ-ਪ੍ਰੇਮ
ਅ. ਬਿਰਹਾ
ੲ. ਤਿਆਗ ਤੇ ਸੰਜਮ
ਸ. ਉਪਰੋਕਤ ਸਾਰੇ

10. **ਬਾਬਾ ਫ਼ਰੀਦ ਜੀ ਨੂੰ ਕੌਣ ਆਪਣਾ ਸਮਝਦੇ ਹਨ?**
ੳ. ਹਿੰਦੂ
ਅ. ਮੁਸਲਿਮ
ੲ. ਸਿੱਖ
ਸ. ਉਪਰੋਕਤ ਸਾਰੇ

11. **ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਕਿਨ੍ਹਵੇਂ ਗੁਰੂ ਹਨ?**
ੳ. ਪਹਿਲੇ    ਅ. ਤੀਜੇ
ੲ. ਪੰਜਵੇਂ    ਸ. ਦਸਵੇਂ।

12. **ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਲਿਖਣ ਦਾ ਕੰਮ ਕਿਸ ਕੋਲੋਂ ਕਰਵਾਇਆ?**
ੳ. ਭਾਈ ਗੁਰਦਾਸ ਜੀ ਕੋਲੋਂ    ਅ. ਸ੍ਰੀ ਗੁਰੂ ਰਾਮਦਾਸ ਜੀ ਕੋਲੋਂ
ੲ. ਪ੍ਰਿਥੀ ਚੰਦ ਜੀ ਕੋਲੋਂ    ਸ. ਮਹਾਂਦੇਵ ਜੀ ਕੋਲੋਂ।

13. **ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?**
ੳ. 1468 ਈ. ਵਿੱਚ    ਅ. 1469 ਈ. ਵਿੱਚ
ੲ. 1539 ਈ. ਵਿੱਚ    ਸ. 1369 ਈ. ਵਿੱਚ

14. **'ਜਨ-ਗਣ-ਮਨ' ਦਾ ਲੇਖਕ ਕੌਣ ਹੈ?**
ੳ. ਰਾਬਿੰਦਰ ਨਾਥ ਟੈਗੋਰ    ਅ. ਮਹਾਤਮਾ ਗਾਂਧੀ
ੲ. ਜਵਾਹਰ ਲਾਲ ਨਹਿਰੂ    ਸ. ਲਾਲਾ ਲਾਜਪਤ ਰਾਏ।

15. ਭਾਰਤ ਵਿੱਚ ਕਿਹੜੇ-ਕਿਹੜੇ ਤਿਉਹਾਰ ਪ੍ਰਚਲਿਤ ਹਨ?
ੳ. ਦਿਵਾਲੀ
ਅ. ਦਸਹਿਰਾ
ੲ. ਹੋਲੀ
ਸ. ਉਪਰੋਕਤ ਸਾਰੇ।

16. ਲੋਹੜੀ ਦਾ ਤਿਉਹਾਰ ਕਿਸ ਦੇਸੀ ਮਹੀਨੇ ਮਨਾਇਆ ਜਾਂਦਾ ਹੈ?
ੳ. ਮਾਘ    ਅ. ਪੋਹ
ੲ. ਹਾੜ    ਸ. ਸਾਉਣ।

17. ਕਿਸੇ ਵਿਅਕਤੀ, ਵਸਤੂ, ਸਥਾਨ, ਹਾਲਤ, ਗੁਣ, ਭਾਵ ਆਦਿ ਦਾ ਬੋਧ ਕਰਾਉਣ ਵਾਲ਼ੇ ਸ਼ਬਦ ਹੁੰਦੇ ਹਨ :
ੳ. ਨਾਂਵ    ਅ. ਪੜਨਾਂਵ
ੲ. ਕਿਰਿਆ    ਸ. ਵਿਸ਼ੇਸ਼ਣ।

18. ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?
ੳ. ਦੋ    ਅ. ਤਿੰਨ
ੲ. ਪੰਜ    ਸ. ਛੇ।

19. ਕਿਸੇ ਭਾਵ, ਗੁਣ ਜਾਂ ਹਾਲਤ ਦਾ ਬੋਧ ਕਰਾਉਣ ਵਾਲ਼ੇ ਸ਼ਬਦ ਹੁੰਦੇ ਹਨ :
ੳ. ਆਮ ਨਾਂਵ    ਅ. ਖ਼ਾਸ ਨਾਂਵ
ੲ. ਭਾਵ ਵਾਚਕ ਨਾਂਵ    ਸ. ਵਸਤੂ ਵਾਚਕ ਨਾਂਵ।

20. ਹੇਠ ਲਿਖਿਆਂ ਵਿੱਚੋਂ ਨਾਂਵ ਸ਼ਬਦ ਕਿਹੜਾ ਹੈ?
ੳ. ਗੁਰੂ ਅਰਜਨ ਦੇਵ ਜੀ    ਅ. ਸੱਚ
ੲ. ੳ ਅਤੇ ਅ ਦੋਵੇਂ ਸਹੀ    ਸ. ਆਪ।

21. ਪੁਰਖ-ਵਾਚਕ ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
ੳ. ਦੋ    ਅ. ਤਿੰਨ
ੲ. ਚਾਰ    ਸ. ਪੰਜ।

22. ਜੋੜਨੀ ਵਿਸਰਾਮ-ਚਿੰਨ੍ਹ ਕਿਹੜਾ ਹੈ?
ੳ. (-)    ਅ. (,)
ੲ. (!)    ਸ. (?)

23. ਸਧਾਰਨ ਵਾਕ ਦੇ ਅੰਤ ਵਿੱਚ ਕਿਹੜਾ ਵਿਸਰਾਮ-ਚਿੰਨ੍ਹ ਲੱਗਦਾ ਹੈ?
ੳ. (-)    ਅ. (,)
ੲ. (।)    ਸ. (?)

24. 'ਥਰ-ਥਰ ਕੰਬਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :
ੳ. ਠੰਢ ਲੱਗਣੀ
ਅ. ਬਹੁਤ ਡਰਨਾ
ੲ. ਨੱਚਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

25.'ਨੱਕ ਰਗੜਨਾ' ਮੁਹਾਵਰੇ ਦਾ ਸਹੀ ਅਰਥ ਚੁਣੋ :
ੳ. ਤਰਲੇ ਮਾਰਨੇ
ਅ. ਨੱਕ ਸਾਫ਼ ਕਰਨਾ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ ।

26. ਕਿਸੇ ਕੰਮ ਦਾ ਕਰਨਾ ਜਾਂ ਹੋਣਾ, ਕਾਲ ਸਹਿਤ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਕੀ ਕਹਿੰਦੇ ਹਨ?
ੳ. ਨਾਂਵ    ਅ. ਪੜਨਾਂਵ
ੲ. ਕਿਰਿਆ    ਸ. ਵਿਸ਼ੇਸ਼ਣ।

27. 'ਅਸੀਂ ਕੱਲ੍ਹ ਮੇਲੇ ਗਏ।' ਵਾਕ ਵਿੱਚ ਕਿਰਿਆ ਸ਼ਬਦ ਚੁਣੋ :
ੳ. ਕੱਲ੍ਹ    ਅ. ਅਸੀਂ
ੲ. ਗਏ    ਸ. ਮੇਲੇ।

28.'ਸ਼ੇਖ਼ ਫ਼ਰੀਦ ਜੀ ਨੇ ਸਾਰੇ ਮਨੁੱਖਾਂ ਨੂੰ ਪ੍ਰੇਮ-ਪਿਆਰ ਦਾ ਸਬਕ ਸਿਖਾਇਆ।' ਵਾਕ ਵਿੱਚੋਂ ਕਿਰਿਆ ਸ਼ਬਦ ਚੁਣੋ?
ੳ. ਸ਼ੇਖ਼ ਫ਼ਰੀਦ ਜੀ    ਅ. ਸਬਕ
ੲ. ਪ੍ਰੇਮ-ਪਿਆਰ    ਸ. ਸਿਖਾਇਆ।

29. 'ਗੀਤਾ ਸਿਆਣੀ ਕੁੜੀ ਹੈ।' ਵਾਕ ਵਿੱਚੋਂ ਵਿਸ਼ੇਸ਼ਣ ਚੁਣੋ?
ੳ. ਗੀਤਾ    ਅ. ਸਿਆਣੀ
ੲ. ਕੁੜੀ    ਸ. ਹੈ।

30. 'ਪੈਰਾਂ ਹੇਠੋਂ ਜ਼ਮੀਨ ਖਿਸਕਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :
ੳ. ਭੁਚਾਲ਼ ਆਉਣਾ
ਅ. ਬੜਾ ਘਬਰਾ ਜਾਣਾ
ੲ. ਡਿੱਗ ਜਾਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

31.'ਫੁੱਲੇ ਨਾ ਸਮਾਉਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :
ੳ. ਬਹੁਤ ਖ਼ੁਸ਼ ਹੋਣਾ
ਅ. ਬਹੁਤ ਦੁਖੀ ਹੋਣਾ
ੲ. ਉਦਾਸ ਹੋਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

32.'ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ' ਅਖਾਣ ਕਿਸ ਲਈ ਵਰਤਿਆ ਜਾਂਦਾ?
ੳ. ਕੁੱਬੇ ਆਦਮੀ ਲਈ
ਅ. ਜਿਹੜਾ ਗੱਲਾਂ ਬਹੁਤ ਕਰੇ ਪਰ ਕੰਮ ਕੋਈ ਨਾ ਕਰ ਸਕੇ
ੲ. ਚਲਾਕ ਆਦਮੀ ਲਈ
ਸ. ੳ ਅਤੇ ਅ ਦੋਵੇਂ ਸਹੀ।

33. 'ਨੌਕਰ' ਦਾ ਸਹੀ ਪੁਲਿੰਗ ਸ਼ਬਦ ਹੋਵੇਗਾ :
ੳ. ਮਾਲਕ
ਅ. ਨੌਕਰਾਣੀ
ੲ. ਨੌਕਰੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

34. 'ਸੀਤਾ ਬਹੁਤ ਸੁਰੀਲਾ ਗਾਉਂਦੀ ਹੈ।' ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ?
ੳ. ਸੀਤਾ    ਅ. ਸੁਰੀਲਾ
ੲ. ਗਾਉਂਦੀ    ਸ. ਹੈ।

35. ਬੀਤ ਚੁਕੇ ਸਮੇਂ ਦਾ ਗਿਆਨ ਕਰਵਾਉਣ ਵਾਲ਼ੀ ਕਿਰਿਆ ਨੂੰ ਕਿਹਾ ਜਾਂਦਾ :
ੳ. ਭੂਤ ਕਾਲ
ਅ. ਵਰਤਮਾਨ ਕਾਲ
ੲ. ਭਵਿੱਖਤ ਕਾਲ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

36.'ਬੱਚਾ ਪਤੰਗ ਉਡਾਉਂਦਾ ਹੈ।' ਵਾਕ ਕਿਹੜੇ ਕਾਲ ਨਾਲ਼ ਸੰਬੰਧ ਰੱਖਦਾ ਹੈ?
ੳ. ਭੂਤ ਕਾਲ
ਅ. ਵਰਤਮਾਨ ਕਾਲ
ੲ. ਭਵਿੱਖਤ ਕਾਲ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

37. 'ਤਰੱਕੀ' ਸ਼ਬਦ ਦਾ ਸਮਾਨਾਰਥਕ ਸ਼ਬਦ ਹੈ:
ੳ. ਵਿਕਾਸ
ਅ. ਉੱਨਤੀ
ੲ. ਖ਼ੁਸ਼ਹਾਲੀ
ਸ. ਉਪਰੋਕਤ ਸਾਰੇ।

38. 'ਵਾਲ਼ ਵਿੰਗਾ ਨਾ ਹੋਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :
ੳ. ਕੋਈ ਨੁਕਸਾਨ ਨਾ ਹੋਣਾ
ਅ. ਬਹੁਤ ਨੁਕਸਾਨ ਹੋਣਾ
ੲ. ੳ ਅਤੇ ਅ ਦੋਵੇਂ ਸਹੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

39. 'ਸੀਤਾ ਗ਼ਰੀਬ ਹੈ ਪਰ ਉਹ ਬੇਈਮਾਨ ਨਹੀਂ।' ਵਾਕ ਵਿੱਚੋਂ ਯੋਜਕ ਚੁਣੋ:
ੳ. ਸੀਤਾ ਅ. ਗ਼ਰੀਬ
ੲ. ਪਰ ਸ. ਬੇਈਮਾਨ।

40. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਅਰਥ ਪੱਖੋਂ ਠੀਕ ਨਹੀਂ ਹੈ?
ੳ. ਪੁਰਸਕਾਰ ਅ. ਰਾਜਧਾਨੀ
ੲ. ਸਟਾਡੀਅਮ ਸ. ਮੁਲਾਕਾਤ।

41. ਹੇਠ ਲਿਖਿਆਂ ਵਿੱਚੋਂ ਸਹੀ ਸ਼ਬਦ-ਜੋੜ ਲੱਭੋ?
ੳ. ਮੇਹਨਤ ਅ. ਮਹੇਨਤ
ੲ. ਮਿਹਨਤ ਸ. ਮੀਹਨਤ।

42. 'ਉੱਤਰ' ਸ਼ਬਦ ਦੇ ਬਹੁ-ਅਰਥਕ ਸ਼ਬਦ ਹੋਣਗੇ:
ੳ. ਜਵਾਬ
ਅ. ਸਰੀਰਕ ਜੋੜ ਦਾ ਉੱਤਰਨਾ
ੲ. ਦਿਸ਼ਾ
ਸ. ਉਪਰੋਕਤ ਸਾਰੇ।

43. 'ਢਿੱਡ ਵਿੱਚ ਚੂਹੇ ਨੱਚਣਾ' ਮੁਹਾਵਰੇ ਦਾ ਸਹੀ ਅਰਥ ਚੁਣੋ :
ੳ. ਅਚਾਨਕ ਡਰ ਜਾਣਾ
ਅ. ਬਹੁਤ ਬੇਚੈਨ ਹੋਣਾ
ੲ. ਬਹੁਤ ਭੁੱਖ ਲੱਗਣਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

44. 'ਅਸਮਾਨ ਤੋਂ ਡਿਗੀ ਖਜੂਰ 'ਤੇ ਅਟਕੀ' ਅਖਾਣ ਕਦੋਂ ਵਰਤਿਆ ਜਾਂਦਾ?
ੳ. ਇੱਕ ਮੁਸੀਬਤ ਵਿੱਚੋਂ ਨਿਕਲ਼ ਕੇ ਦੂਜੀ ਮੁਸੀਬਤ ਵਿੱਚ ਫਸ ਜਾਣਾ।
ਅ. ਆਪਣਾ ਕੰਮ ਨਾ ਹੋਵੇ ਤੇ ਦੂਜੇ ਦਾ ਨੁਕਸਾਨ ਹੋ ਜਾਵੇ
ੲ. ਕੋਈ ਕੰਮ ਨਾ ਕਰਨਾ
ਸ. ੳ ਅਤੇ ਅ ਦੋਵੇਂ ਸਹੀ।

45. 'ਲੋਹੜਾ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ-
ੳ. ਕਹਿਰ
ਅ. ਗ਼ਜ਼ਬ
ੲ. ਜ਼ਿਆਦਤੀ
ਸ. ਉਪਰੋਕਤ ਸਾਰੇ।

46.'ਖੇੜਾ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ-
ੳ. ਗੁਆਚਿਆ ਅ. ਖ਼ੁਸ਼ੀ
ੲ. ਖੇਡਣਾ ਸ. ਘੁੰਮਣਾ।

47.'ਸਦੀ' ਸ਼ਬਦ ਦਾ ਸਹੀ ਅਰਥ ਕੀ ਹੈ?
ੳ. ਦਸ ਸਾਲ ਅ. ਪੰਜਾਹ ਸਾਲ
ੲ. ਸੌ ਸਾਲ ਸ. ਹਜ਼ਾਰ ਸਾਲ।

48. ਗੁਰਮੁਖੀ ਲਿਪੀ ਦਾ ਦੂਜਾ ਨਾਂ ਕੀ ਹੈ
ੳ. ਪੈਂਤੀ ਅ. ਸੈਂਤੀ
ੲ. ਚਾਲ਼ੀ ਸ. ਇਕਤਾਲ਼ੀ।

49. ਨਾਸਿਕੀ ਧੁਨੀਆਂ ਨੂੰ ਪ੍ਰਗਟ ਕਰਨ ਵਾਲ਼ੇ ਪੰਜ ਅੱਖਰ ਚੁਣੋ:
ੳ. ੳ, ਅ, ੲ, ਸ, ਹ
ਅ. ਸ਼, ਖ਼, ਗ਼, ਜ਼, ਫ਼
ੲ. ਙ, ਞ, ਣ, ਨ, ਮ
ਸ. ਙ, ਞ, ਣ, ੜ, ਲ਼।

50. ਘਰ ਵਿੱਚ ਸਭ ਤੋਂ ਪਹਿਲਾਂ ਜਨਮੇ ਪੁੱਤਰ/ਧੀ ਲਈ ਵਰਤਿਆ ਜਾਣ ਵਾਲ਼ਾ ਸ਼ਬਦ ਚੁਣੋ:
ੳ. ਪਲ਼ੇਠਾ/ਪਲ਼ੇਠੀ
ਅ. ਜੇਠਾ/ਜੇਠੀ
ੲ. ੳ ਅਤੇ ਅ ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।